# ਦਸ ਸਾਲਾਂ ਤੋਂ ਬਾਅਦ

G-817

ਹਰਭਜਨ ਕੌਰ 'ਆਦ੍ਰਸ਼'

SARDAR DYAL SINGH
LAHORE
LIBRARY

★

ਲਾਹੌਰ ਬੁਕ ਸ਼ਾਪ,
ਨਿਸਬਤ ਰੋਡ : ਲਾਹੌਰ : ਮੋਹਨ ਲਾਲ ਰੋਡ

*Printer,*
S. Amar Singh,
Model Electric Press,
13, Maclagan Road, LAHORE.

6.2.
ਅ ੫੬੨
31819

ਕੀਮਤ – ਡੇਢ ਰੁਪਿਆ

*Publisher,*
S. Jiwan Singh M. A.,
*Prop.* Lahore Book Shop,
Nisbet Road, LAHORE.

# ਮੁਖ ਬੰਧ

"ਬਚਪਨ ਵਿੱਚ ਮੇਰੀ ਕਹਾਣੀ ਦੇ ਪਾਤਰ ਬਜੇ ਹੋਇਆ ਕਰਦੇ ਸਨ। ਫਿਰ ਜਵਾਨੀ ਆਈ ਤੇ ਮੇਰੇ ਪਾਤਰ ਵੀ ਜਵਾਨ ਹੋ ਗਏ, ਮੈਨੂੰ ਮੇਰੇ ... ... ਨੇ ਇਕ ਵਾਰ ਆਖਿਆ, ਕਿ ਤੂੰ ਬੜੀ ਸ਼ੋਖ਼ ਤੇ ਚੰਚਲ ਏਂ ... ... ... ਤੇ ਮੈਂ ਝਟ ਆਪਣੀ ਇਕ ਨਵੀਂ ਕਹਾਣੀ ਪੜ੍ਹੀ, ਉਸਦੀ ਨਾਇਕਾ ਵੀ ਇਕ ਸ਼ੋਖ਼ ਮੁਟਿਆਰ ਸੀ। ਤੇ ਇਸੇ ਤਰ੍ਹਾਂ ਜਦ ਮੈਂ ਬੁਢੀ ਹੋ ਜਾਵਾਂਗੀ ਮੇਰੇ ਪਾਤਰ ਵੀ ਬੁਢੇ ਹੋ ਜਾਣਗੇ।"

ਇਹ ਸ਼ਬਦ ਬੰਗਾਲ ਦੀ ਇਕ ਨੌਜਵਾਨ ਲੇਖਕਾ ਪ੍ਰਤਿਭਾ ਨੇ ਆਪਣੀ ਕਹਾਣੀ ਬਾਰੇ ਦਸਦਿਆਂ ਹੋਇਆਂ ਮੈਨੂੰ ਇਕ ਵਾਰ ਕਹੇ। ਸਚ ਮੁਚ ਆਪਣੇ ਆਚਰਨ ਤੇ ਸੁਭਾ ਦਾ ਪ੍ਰਭਾਵ ਲੇਖਕ ਦੀ ਕਹਾਣੀ ਤੇ ਜ਼ਰੂਰ ਪੈਂਦਾ ਹੈ। ਕਵੀ ਤੇ ਕੇਵਲ ਕਲਪਨਾ ਨਾਲ ਵੀ ਕਵਿਤਾ ਲਿਖ ਸਕਦਾ ਹੈ ਪਰ ਕਹਾਣੀ ਅਸਲੀਅਤ ਤੋਂ

ਬਿਨਾ ਕਲਾ-ਹੀਨ ਸਮਝੀ ਜਾਂਦੀ ਹੈ।

ਹਰਭਜਨ ਕੌਰ ਦੀਆਂ ਕਹਾਣੀਆਂ ਵਿਚ ਅਸਲੀਅਤ ਦੀ ਝਲਕ ਵਧੇਰੇ ਹੈ, ਸ਼ਾਇਦ ਇਸੇ ਲਈ ਉਹ ਇਸ ਸੰਗ੍ਰਹਿ ਦੀਆਂ ਕਹਾਣੀਆਂ ਲਿਖਣ ਵਿਚ ਪੂਰੀ ਤਰ੍ਹਾਂ ਕਾਮਯਾਬ ਰਹੀ ਹੈ। ਇਸ ਤਰ੍ਹਾਂ ਹੋਣ ਕਰ ਕੇ ਉਸਨੇ ਇਸਤ੍ਰੀ ਦੇ ਮਨ ਨੂੰ ਸਹਿਜੇ ਹੀ ਪੜ੍ਹ ਲਿਆ ਹੈ। ਦੁਨੀਆਂ ਦੇ ਹਜ਼ਾਰਾਂ ਲੇਖਕਾਂ ਨੇ ਸਮਾਜ ਦੇ ਵਿਰੁਧ ਸਖ਼ਤ ਤੋਂ ਸਖ਼ਤ ਸ਼ਬਦ ਵਰਤੇ ਹਨ, ਪਰ ਇਸ ਸੰਗ੍ਰਹਿ ਦੀ ਲੇਖਕਾ ਨੇ ਕਿਸੇ ਥਾਂ ਵੀ ਸਮਾਜ ਨੂੰ ਗਾਲ੍ਹਾਂ ਨਹੀਂ ਕਢੀਆਂ। ਉਹ ਜਾਣਦੀ ਹੈ ਕਿ ਸਮਾਜ ਦੇ ਠੇਕੇਦਾਰਾਂ ਦੇ ਕੰਨ ਮੇਰਾ ਰੋਸ ਨਹੀਂ ਸੁਣ ਸਕਦੇ, ਉਹ ਪਥਰ ਦਿਲ ਹਨ। ਇਸੇ ਲਈ ਲੇਖਕਾ ਨੇ ਰੋਸ ਦਸਣ ਦੀ ਥਾਂ ਤਰਲੇ ਕੀਤੇ ਹਨ, ਸਮਾਜ ਨੂੰ ਸੁਣਾਣ ਲਈ ਨਹੀਂ ਸਗੋਂ ਆਪਣਾ ਦਿਲ ਹੌਲਾ ਕਰਨ ਲਈ। ਆਪਣੇ ਜਜ਼ਬਾਤ ਨੂੰ ਕਿਸੇ ਤਰ੍ਹਾਂ ਬਾਹਰ ਕਢਣ ਲਈ। ਸ਼ਬਦਾਂ ਦੀ ਕੋਮਲਤਾ ਪੜ੍ਹਨ ਵਾਲੇ ਤੇ ਹੋਰ ਵੀ ਡੂੰਘਾ ਪ੍ਰਭਾਵ ਪਾਉਣ ਵਿਚ ਮਦਦ ਦੇਂਦੀ ਹੈ।

ਮੈਂ ਜਦ ਲੇਖਕਾ ਦੀ ਪਹਿਲੀ ਕਹਾਣੀ 'ਦਸ ਸਾਲਾਂ ਤੋਂ ਬਾਅਦ' ਪੜ੍ਹੀ, ਮੇਰੀਆਂ ਅੱਖਾਂ ਸਾਹਮਣੇ ਇਸ ਦਾ ਭਵਿਖ ਆ ਗਿਆ – ਇਹ ਲੜਕੀ ਕਿਸੇ ਦਿਨ ਚੰਗੀ ਕਹਾਣੀ ਲੇਖਕਾ ਬਣੇਗੀ। ਇਹ ਕਹਾਣੀ ਨਹੀਂ ਇਕ ਦੁਖੀਆ ਪ੍ਰੇਮਿਕਾ ਦੀ ਮੌਤ ਤੋਂ ਪਹਿਲਾਂ ਆਪਣੇ ਪ੍ਰੇਮੀ ਵਲ ਆਖ਼ਰੀ ਚਿਠੀ ਹੈ। ਇਸ ਦੀ ਮਾਂਜੀ ਹੋਈ ਬੋਲੀ ਖ਼ੂਬਸੂਰਤ ਸ਼ਬਦ ਤੇ ਜਜ਼ਬਾਤ ਵੇਖਕੇ ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਇਸ ਖਤ ਦੇ ਲਿਖਣ ਵਾਲੀ ਮੇਰੇ ਸਾਹਮਣੇ ਬੈਠੀ ਹੈ।– ਉਹ ਖਤ ਵਿਚ ਇਕ ਥਾਂ ਲਿਖਦੀ ਹੈ –



"ਮੇਰੀਆਂ ਹਰ ਤਰ੍ਹਾਂ ਦੀਆਂ ਨਾਜ਼ ਬਰਦਾਰੀਆਂ ਝਣਲ ਵਾਸਤੇ ਬ੍ਰਿਜ ਮੋਹਨ ਹਰ ਵੇਲੇ ਤਿਆਰ ਰਹਿੰਦੇ ਸਨ – ਪਰ ਸਭ ਕੁਝ ਇਸੇਤਰ੍ਹਾਂ ਮਲੂਮ ਹੁੰਦਾ ਸੀ ਜਿਵੇਂ ਇਕ ਸੋਨੇ ਦੇ ਪਿੰਜਰੇ ਵਿਚ ਡਕੀ ਹੋਈ ਬੁਲਬੁਲ ਨਿਰਾਸ ਨਜ਼ਰਾਂ ਨਾਲ ਦੂਰ ਲਟਕਦੇ ਟਾਹਣੀ ਨਾਲ ਝੂਮ ਝੂਮ ਕੇ ਪਿਆਰ ਕਰਦੇ ਗੁਲਾਬ ਦੇ ਫੁਲ ਵਲ ਵੇਖਦੀ ਹੈ।"

ਲੇਖਕਾ ਨੇ ਉਸ ਇਸਤ੍ਰੀ ਦੀ ਹਾਲਤ ਨੂੰ ਕਿਨੇ ਸੋਹਣੇ ਸ਼ਬਦਾਂ ਵਿਚ ਬਿਆਨ ਕੀਤਾ ਹੈ ਇਸੇ ਤਰ੍ਹਾਂ ਅਗੇ ਚਲਕੇ ਲਿਖਦੀ ਹੈ :

"ਲਤਾ ਉਸ ਖ਼ੂਬਸੂਰਤ ਫੁਲ ਨੂੰ ਗੋਦ ਵਿਚ ਲਈ ਹੋਈ ਖੜੀ ਹੋਈ ਕਿਵੇਂ ਆਸਾਂ ਭਰੇ ਖਿੜੇ ਹੋਏ ਬੂਟੇ ਨਾਲ ਲਿਪਟੀ ਹੋਈ ਹੈ ਤੇ ਮੈਂ ਅੰਬ ਦੇ ਬੂਟੇ ਤੋਂ ਦੂਰ ਡਿਗੀ ਹੋਈ ਖੰਭ ਟੁਟੀ ਕੋਇਲ ਹਾਂ, ਜਿਸ ਵਿਚ ਹਿਰਸ ਹੈ ਪਰ ਤ੍ਰਾਣ ਨਹੀਂ।"

'ਤਿਆਗ' ਲੇਖਕਾ ਦੀ ਸ਼ਾਇਦ ਸਭ ਤੋਂ ਚੰਗੀ ਕਹਾਣੀ ਹੈ। ਮਾਣ ਮਤੀ ਕੁਸਮ ਕਿਵੇਂ ਗਲੀਆਂ ਵਿਚ ਰੁਲਦੀ ਹੈ ਉਸਦਾ ਹੰਕਾਰ ਕਿਸਤਰ੍ਹਾਂ ਦੂਰ ਹੁੰਦਾ ਹੈ–ਕੁਝ ਐਸੀਆਂ ਗੁੰਝਲਾਂ ਹਨ ਜੋ ਲੇਖਕਾ ਨੇ ਕਾਮਯਾਬੀ ਨਾਲ ਖੋਲ੍ਹੀਆਂ ਹਨ, ਨਾਇਕ ਤੇ ਭਲਾ ਸਭ ਕੁਝ ਤਿਆਗ ਕੇ ਸਾਧੂ ਹੋ ਜਾਂਦਾ ਹੈ, ਪਰ ਦੌਲਤ ਦੀ ਪੁਜਾਰਨ ਨਾਇਕਾ ਵਿਚ ਵੀ ਇਨਕਲਾਬ ਆ ਜਾਂਦਾ ਹੈ ਤੇ ਉਹ ਵੀ ਸਭ ਕੁਝ ਤਿਆਗ ਕੇ ਆਪਣੇ ਪ੍ਰੀਤਮ ਨਾਲ ਮੁਸ਼ਕਲਾਂ ਵਿਚ ਜ਼ਿੰਦਗੀ ਬਿਤਾਣ ਦਾ ਤਹੀਆ ਕਰ ਲੈਂਦੀ ਹੈ, ਕਹਾਣੀ ਵਿਚ ਦਰਦ ਹੈ ਤੇ ਹਰ ਪੜ੍ਹਨ ਵਾਲਾ ਚਾਰ ਹੰਝੂ ਕੇਰਨ ਤੇ ਮਜਬੂਰ ਹੋ ਜਾਂਦਾ ਹੈ। ਅਸੀਂ 'ਤਿਆਗ' ਨੂੰ ਪੰਜਾਬੀ ਦੀਆਂ ਕੁਝ ਕੁ ਚੋਣਵੀਆਂ ਬੇਹਤਰੀਨ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.